# ਜਰੂਰੀ ਬੇਨਤੀ—ਕ੍ਰਿਪਾ ਕਰਕੇ ਕੋਈ ਕੱਟ ਵੱਢ ਨਾ ਕੀਤੀ ਜਾਵੇ ਜੀ।ਧੰਨਵਾਦੀ ਹੋਵਾਂਗਾ ਜੀ

# ਰੈਗਿੰਗ ਵਿਰੋਧੀ ਬਿਲ ਕਾਂਗਰਸ ਸੈਸ਼ਨ ਵਿਚ ਜਲਦੀ ਪੇਸ਼ ਹੋਵੇਗਾ-ਜੌਨ ਗੈਰਾਮੈਂਡੀ ਸਰਗਰਮ ਅਤਵਾਦੀ ਗਰੁਪਾਂ ਨੂੰ ਗੈਰ ਕਨੂੰਨੀ ਕੰਮਾਂ ਤੋਂ ਰੋਕਣਾ ਸਮੇਂ ਦੀ ਲੋੜ-ਨਾਪਾ

ਟਰੇਸੀ(ਇੰਦਰਜੀਤ ਬਾਜਵਾ) ਰੈਗਿੰਗ ਵਿਰੋਧੀ ਕਨੂੰਨ ਸੰਸਦ ਦੇ ਆਉਣ ਵਾਲੇ ਸ਼ੈਸ਼ਨ ਵਿਚ ਪੇਸ਼ ਹੋਵੇਗਾ ਜਿਸ ਬਿਲ ਦੇ ਕਨੂੰਨ ਬਣਨ ਤੋਂ ਬਾਅਦ ਇਸ ਨੂੰ ਅਮਰੀਕਾ ਭਰ ਦੇ 25000 ਸਕੂਲਾਂ,ਕਾਲਜਾਂ ਵਿਚ ਸਖਤੀ ਨਾਲ ਲਾਗੂ ਕਰ ਦਿਤਾ ਜਾਏਗਾ।ਇਸ ਗਲ ਦਾ ਐਲਾਨ ਕੈਲੀਫੋਰਨੀਆ ਦੇ ਸਾਬਕਾ ਲੈਫਟੀਨੈਂਟ ਗਵਰਨਰ ਤੇ ਮੌਜੂਦਾ ਕਾਂਗਰਸਮੈਨ ਜੌਹਨ ਗਰਮੈਂਡੀ ਨੇ ਨਾਰਥ ਅਮਰੀਕਨ ਪੰਜਾਬੀ ਐਸ਼ੋਸ਼ੀਏਸ਼ਨ(ਨਾਪਾ) ਵਲੋਂ ਕਰਵਾਏ ਗਏ ਇਕ ਸਮਾਗਮ ਦੌਰਾਨ ਇਕੱਤਰ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਕਹੇ।ਸ਼੍ਰੀ ਗਰਮੈਂਡੀ ਨੇ ਦਸਿਆ ਕਿ ਉਹ ਪਿਛਲੇ ਸਮੇਂ ਤੋਂ ਲੋਕਾਂ ਦੀਆਂ ਭਾਵਨਾਵਾਂ ਨੂੰ ਮੁਖ ਰਖਕੇ ਅਜਿਹੇ ਬਿਲ ਨੂੰ ਪੇਸ਼ ਕਰਨ ਲਈ ਹਾਊਸ ਆਫ ਰੀਪਰੈਜ਼ਿੰਟੇਟਵ ਦੇ ਦੂਸਰੇ ਮੈਂਬਰਾਂ ਦਾ ਸਹਿਯੋਗ ਲੈ ਕੇ ਅਜਿਹੇ ਬਿਲ ਨੂੰ ਪਾਸ ਕਰਵਾਉਣ ਲਈ ਹਰ ਹੀਲਾ ਵਸੀਲਾ ਕਰ ਰਹੇ ਹਨ ਤਾਂ ਕਿ ਅਮਰੀਕਾ ਵਿਚ ਰਹਿਣ ਵਾਲੇ ਵਖ ਵਖ ਮੂਲ ਦੇ ਲੋਕਾਂ ਦੇ ਸਿਖਿਆ ਪਰਪਤ ਕਰ ਰਹੇ ਬਚਿਆਂ ਨੂੰ ਕਿਸੇ ਵੀ ਕਿਸਮ ਦੀ ਰੈਗਿੰਗ ਦਾ ਸ਼ਿਕਾਰ ਬਣਨ ਤੋਂ ਰੋਕਿਆ ਜਾ ਸਕੇ।ਮੁਖ ਮਹਿਮਾਨ ਦਾ ਸਵਾਗਤ ਕਰਦਿਆਂ ਨਾਪਾ ਦੇ ਚੇਅਰਮੈਨ ਸ: ਦਲਵਿੰਦਰ ਸਿੰਘ ਧੂਤ ਨੇ ਕਿਹਾ ਕਿ ਸਤੰਬਰ ਗਿਆਰਾਂ ਨੂੰ ਅਮਰੀਕਾ ਉਪਰ ਹੋਏ ਹਮਲੇ ਤੋਂ ਬਾਅਦ ਬਹੁਤ ਸਾਰੇ ਸਿਖਾਂ ਦਾ ਬਹੁਤ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ।ਜਿਸ ਨੂੰ ਰੋਕਣ ਲਈ ਸਰਕਾਰੀ ਤੌਰ ਤੇ ਹਰ ਸੰਭਵ ਯਤਨ ਕੀਤੇ ਜਾਣੇ ਚਾਹੀਦੇ ਹਨ ।ਉਹਨਾਂ ਕਿਹਾ ਕਿ ਘ੍ਰਿਣਾ,ਨਫਰਤ,ਅਹਿੰਸਾ ਤੇ ਅਤਵਾਦ ਲਈ ਅਮਰੀਕਨ ਸਮਾਜ ਵਿਚ ਕੋਈ ਵੀ ਥਾਂ ਨਹੀਂ ਹੈ ਇਸ ਲਈ ਅਜਿਹੀਆਂ ਸਰਗਰਮੀਆਂ ਵਿਚ ਲਗੇ ਹੋਏ ਅਨਸਰਾਂ ਨੂੰ ਨੱਥ ਪਾਉਣ ਦੀ ਲੋੜ ਹੈ।ਐਸ਼ੋਸ਼ੀਏਸ਼ਨ ਦੇ ਪਰਧਾਨ ਸ: ਸਤਨਾਮ ਸਿੰਘ ਚਾਹਲ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਦਸਿਆ ਕਿ ਦਸੰਬਰ 2007 ਵਿਚ ਕੈਲੀਫੋਰਨੀਆ ਦੇ ਸ਼ਹਿਰ ਰਿਚਮੰਡ ਵਿਚ ਦੋ ਸਿਖ ਨੌਜਵਾਨਾਂ ਦੇ ਕੱਤਲ ਦਾ ਅਜੇ ਤਕ ਕੋਈ ਸੁਰਾਖ ਨਹੀਂ ਮਿਲ ਸਕਿਆ ਜਿਸ ਕਾਰਣ ਇਹਨਾਂ ਮ੍ਰਿਤਕ ਨੌਜਵਾਨਾਂ ਦੇ ਪੀੜਤ ਪਰਿਵਾਰ ਇਨਸਾਫ ਲੈਣ ਲਈ ਦਰ ਦਰ ਦੀਆਂ ਠੋਕਰਾਂ ਖਾ ਰਹੇ ਹਨ।ਸ: ਚਾਹਲ ਨੇ ਦਸਿਆ ਕਿ ਇਸ ਸਾਲ ਅਪਰੈਲ ਮਹੀਨੇ ਦੇ ਵਿਚ ਇਕ ਹੋਰ ਵੀਹ ਸਾਲਾ ਪੰਜਾਬੀ ਨੌਜਵਾਨ ਰਾਹੁਲ ਸ਼ਰਮਾ ਦਾ ਫਰੀਮਾਂਟ ਸ਼ਹਿਰ ਵਿਚ ਕਤਲ ਹੋ ਗਿਆ ਸੀ ਲੇਕਿਨ ਇਸ ਨੌਜਵਾਨ ਦੇ ਕਾਤਲਾਂ ਦਾ ਵੀ ਅਜੇ ਤਟ ਕੋਈ ਸੁਰਾਖ ਨਹੀਂ ਮਿਲ ਸਕਿਆ ਜਿਸ ਕਾਰਣ ਇਸ ਪੀੜਤ ਪਰਿਵਾਰ ਨੇ ਨਾਰਥ ਅਮਰੀਕਨ ਪੰਜਾਬੀ ਐਸ਼ੋਸ਼ੀਏਸ਼ਨ(ਨਾਪਾ) ਕੋਲ ਇਨਸਾਫ ਲੈਣ ਵਿਚ ਸਹਾਇਤਾ ਪਰਾਪਤ ਕਰਨ ਦੀ ਗੁਹਾਰ ਲਗਾਈ ਹੈ।ਸ: ਚਾਹਲ ਨੇ ਕਿਹਾ ਕਿ ਕਿਸੇ ਵੀ ਸਮਾਜ ਵਿਰੋਧੀ ਅਨਸਰ ਨੂੰ ਭੋਲੇ ਭੋਲੇ ਤੇ ਮਸੂਮ ਲੋਕਾਂ ਦੇ ਕਤਲ ਕਰਨ ਤੋਂ ਰੋਕਣ ਲਈ ਸਖਤ ਕਾਰਵਾਈ ਕਰਨ ਦੀ ਲੋੜ ਹੈ।ਕਮਿਸ਼ਨਰ ਤਰਨਜੀਤ ਸਿੰਘ ਸੰਧੂ ਨੇ ਅਮਰੀਕਾ ਵਿਚ ਰਹਿਣ ਵਾਲੇ ਪੰਜਾਬੀ ਭਾਈਚਾਰੇ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਬਾਰੇ ਚਾਨਣਾ ਪਾਇਆ। ਸਿਖ ਆਗੂ ਸ: ਬਲਬਹਾਦੁਰ ਸਿੰਘ ਨੇ ਸੰਬੋਧਨ ਕਰਦਿਆਂ ਆਸ ਪਰਗਟ ਕੀਤੀ ਕਿ ਕਾਂਗਰਸਮੈਨ ਪੰਜਾਬੀ ਭਾਈਚਾਰੇ ਦੇ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਹਰ ਸੰਭਵ ਕਾਰਵਾਈ ਕਰਨਗੇ।ਇਸ ਮੌਕੇ ਤੇ ਸ਼੍ਰੀ ਐਚ .ਐਸ.ਰੰਧਾਵਾ ਤੇ ਲੈਥਰੌਪ ਸਿਟੀ ਕੌਂਸਲ ਦੀ ਚੋਣ ਲੜ ਰਹੇ ਉਮੀਦਵਾਰ ਬਲਵੰਤ ਸਿੰਘ ਸੰਧੂ ਨੇ ਵੀ ਸੰਬੋਧਨ ਕੀਤਾ।ਨਾਪਾ ਦੇ ਆਗੂਆਂ ਨੇ ਕਾਂਗਰਸਮੈਨ ਜੌਹਨ ਗੈਰਾਮੈਂਡੀ ਨੂੰ ਆਪਣੀਆਂ ਮੰਗਾਂ ਦਾ ਇਕ ਚਾਰਟਰ ਵੀ ਭੇਂਟ ਕੀਤਾ ।ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਨਾਪਾ ਦੇ ਆਗੂ ਇੰਦਰਜੀਤ ਸਿੰਘ ਬੜਿੰਗ,ਸੰਤੋਖ ਸਿੰਘ ਜੱਜ,ਰਵਿੰਦਰ ਸਿੰਘ ਗੋਗੀ,ਦਲਬੀਰ ਸਿੰਘ ਸੰਘੇੜਾ,ਮੰਗਲ ਸਿੰਘ ਭੰਡਾਲ,ਬਲਜੀਤ ਸਿੰਘ ਸਹੋਤਾ,ਅਮਰਜੀਤ ਸਿੰਘ ਸੰਘਾ,ਜਸਵਿੰਦਰ ਸਿੰਘ ਲੱਛਰ,ਅਮਰਜੀਤ ਸਿੰਘ ਖਿੰਡਾ,ਗੁਰਮੀਤ ਸਿੰਘ ਜੌਹਲ,ਸੁਚਾ ਸਿੰਘ ਮਹਿਰੋਕ, ਇੰਦਰ ਦੁਸਾਂਝ,ਚਰਨ ਸਿੰਘ ਜੱਜ,ਹਰਜਿੰਦਰ ਸਿੰਘ ਬੋਲੀਨਾ,ਜਸਬੀਰ ਸਿੰਘ ਸੋਹਲ,ਅੰਮ੍ਰਿਤਪਾਲ ਸਿੰਘ ਟਿਵਾਣਾ,ਜਸਪਾਲ ਸਿੰਘ ਬੋਲੀਨਾ,ਪਰਮਜੀਤ ਸਿੰਘ ਬੋਲੀਨਾ,ਨਿਰਮਲ ਸਿੰਘ ਸਮਰਾ,ਸੁਖਵੰਤ ਸਿੰਘ,ਆਤਮਾ ਸਿੰਘ ਗਿਲ,ਹਰਚੰਦ ਸਿੰਘ ਢਿਲੋਂ,ਪਰੀਤਮ ਸਿੰਘ ਟਿਵਾਣਾ,ਹਰਜੀਤ ਸਿੰਘ ਮਾਨ,ਬਚਿਤਰ ਸਿੰਘ,ਅਜੀਤ ਸਿੰਘ ਮਹਿਰੋਕ,ਹਰਭਜਨ ਸਿੰਘ ਸੰਧੂ,ਦਰਸ਼ਨ ਸਿੰਘ ਟਰੇਸੀ, ਗਿਆਨ ਸਿੰਘ ਸ਼ੇਰਗਿਲ,ਰਣਜੀਤ ਸਿੰਘ ਟਰੇਸੀ,ਜਰਨੈਲ ਸਿੰਘ ਕੰਬੋਜ,ਹਰਜੀਤ ਸਿੰਘ ਗਿਲ,ਅਵਤਾਰ ਸਿੰਘ ਬੋਪਾਰਾਏ,ਦਰਸ਼ਨ ਸਿੰਘ

ਬਰਾੜ ਤੇ ਮੁਖਤਿਆਰ ਸਿੰਘ ਖਿੰਡਾ ਆਦਿ ਵੀ ਹਾਜਰ ਸਨ।ਸਮਾਗਮ ਦੀ ਸਮਾਪਤੀ ਉਪਰੰਤ ਸੰਸਾਰ ਰੈਸਟੋਰੈਂਟ ਵਲੋਂ ਸਭ ਨੂੰ ਪ੍ਰੀਤੀ ਭੋਜਨ ਦੀ ਸੇਵਾ ਵੀ ਕੀਤੀ ਗਈ

ਫੋਟੋ– ਸਮਾਗਮ ਨੂੰ ਸੰਬੋਧਨ ਕਰਦੇ ਹੋਏ ਖੱਬੇ ਤੋਂ ਸੱਜੇ……………………………..

2–ਕਾਂਗਰਸਮੈਨ ਜੌਨ ਗੈਰਾਮੈਂਡੀ ਨੂੰ ਆਪਣੀਆਂ ਮੰਗਾਂ ਦੇ ਹੱਲ ਲਈ ਯਾਦ ਪੱਤਰ ਦਿੰਦੇ ਹੋਏ ਨਾਪਾ ਦੇ ਆਗੂ